National Research Journal of Social Sciences
Volume-11, Issue-1, January-June 2026
PP: 262-263
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸੰਸਾਰ ਦੇ ਨਾਸ਼ਮਾਨਤਾ

**ਵੀਰਪਾਲ ਕੌਰ**

ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ, ਡੀ ਏ ਵੀ ਕਾਲਜ ਬਠਿੰਡਾ

**ਸਾਰਾਂਸ਼**

ਸਾਡੇ ਸਿੱਖੀ ਸਮਾਜ ਵਿੱਚ ਸਾਡੇ ਕੁੱਲ ਦਸ ਗੁਰੂ ਹੋਏ ਹਨ ।ਜਿਨਾਂ ਵਿੱਚੋਂ ਸਾਡੇ ਨੌਵੇਂ ਗੁਰੂ ਗੁਰੂ ਤੇਗ ਬਹਾਦਰ ਜੀ ਸਨ। ਜਿਨਾਂ ਨੂੰ ਹਿੰਦ ਦੀ ਚਾਦਰ ਵੱਜੋਂ ਜਾਣਿਆ ਜਾਂਦਾ ਹੈ । ਗੁਰੂ ਜੀ ਨੇ ਸਿੱਖ ਕੌਮ ਨੂੰ ਹਮੇਸ਼ਾ ਜ਼ੁਲਮ ਦਾ ਟਾਕਰਾ ਕਰਨ ਅਤੇ ਧਰਮ ਦੀ ਰਾਖੀ ਕਰਨ ਦਾ ਉਪਦੇਸ਼ ਦਿੱਤਾ। ਆਪ ਜੀ ਨੇ 17ਵੀਂ ਸਦੀ ਵਿੱਚ ਔਰੰਗਜ਼ੇਬ ਦੇ ਜ਼ੁਲਮ ਸਮੇਂ ਸਿਰਫ ਸਿੱਖ ਧਰਮ ਦੀ ਹੀ ਨਹੀਂ ਸਗੋਂ ਕਸ਼ਮੀਰ ਪੰਡਤਾਂ ਸਮੇਤ ਸਾਰੇ ਭਾਰਤੀ ਲੋਕਾਂ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ। ਅਤੇ ਨਾਲ- ਨਾਲ ਸਿੱਖ ਧਰਮ ਦੀ ਰਾਖੀ ਖਾਤਰ ਆਪਣਾ ਪਰਿਵਾਰ ਵੀ ਵਾਰ ਦਿੱਤਾ । ਗੁਰੂ ਜੀ ਨੇ ਮਨੁੱਖਤਾ ਨੂੰ ਕਾਮ ਕ੍ਰੋਧ ਮੋਹ ਲੋਭ ਹੰਕਾਰ ਨੂੰ ਤਿਆਗ ਕੇ ਉਸ ਪਰਮਾਤਮਾ ਦਾ ਨਾਂ ਜਪਣ ਦਾ ਉਪਦੇਸ਼ ਦਿੱਤਾ। ਅਤੇ ਹਮੇਸ਼ਾ ਜ਼ੁਲਮ ਦੇ ਵਿਰੁੱਧ ਆਵਾਜ਼ ਚੁੱਕਣ ਲਈ ਪ੍ਰੇਰਿਆ। ਗੁਰੂ ਜੀ ਨੇ ਇਹ ਫਰਮਾਇਆ ਕਿ ਇਹ ਸੰਸਾਰ ਅਤੇ ਸੰਸਾਰਿਕ ਵਸਤੂਆਂ ਨਾਸ਼ਮਾਨ ਹਨ।ਜੋ ਮਨੁੱਖ, ਜੋ ਵਸਤੂ ਇਸ ਸੰਸਾਰ ਵਿੱਚ ਆਈ ਹੈ ਉਸਨੇ ਇੱਕ ਦਿਨ ਨਾਸ਼ ਹੋ ਜਾਣਾ ਹੈ ਭਾਵ ਖਤਮ ਹੋ ਜਾਣਾ ਹੈ। ਇਸ ਲਈ ਮਨੁੱਖ ਨੂੰ ਇਹਨਾਂ ਚੀਜ਼ਾਂ ਨਾਲ ਮੋਹ ਨਾ ਪਾ ਕੇ ਭਾਵ ਤਿਆਗ ਕਰਕੇ ਉਸ ਪਰਮਾਤਮਾ ਦੀ ਭਗਤੀ ਵਿੱਚ ਮਨ ਜੋੜਨਾ ਚਾਹੀਦਾ ਹੈ। ਚੰਗੇ ਕਰਮ ਕਰਨੇ ਚਾਹੀਦੇ ਹਨ।ਤਾਂ ਕਿ ਉਸ ਦਾ ਮਨੁੱਖਾ  ਜੀਵਨ ਸਫਲ ਹੋ ਸਕੇ।

**ਮੁੱਖ ਸ਼ਬਦ**:-ਗੁਰੂ ਤੇਗ ਬਹਾਦਰ ਜੀ, ਹਿੰਦ ਦੀ ਚਾਦਰ, ਨਾਸ਼ਮਾਨਤਾ, ਭਗਤੀ, ਤਿਆਗ, ਧਰਮ ,ਪਦਾਰਥਾਂ, ਜੀਵਨ ,ਸੰਸਾਰ ,ਪਰਮਾਤਮਾ,

"ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ ।

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ" ।।[1]

ਗੁਰੂ ਜੀ ਫਰਮਾਉਂਦੇ ਹਨ ਕਿ ਇਸ ਸੰਸਾਰ ਵਿੱਚ ਆਪਣਾ ਸਰੀਰ ਤੇ ਸੁੰਦਰ ਇਸਤਰੀ ਵੀ ਸਾਡੇ ਨਹੀਂ ਹਨ । ਇੱਕ ਮਨੁੱਖੀ ਆਤਮਾ ਹੀ ਹੈ ਜੋ ਸਰੀਰ ਦੇ ਨਾਸ਼ ਹੋਣ ਨਾਲ ਨਾਸ਼ ਨਹੀਂ ਹੁੰਦੀ ਹੈ ਇਨਸਾਨ ਜਦੋਂ ਮਰ ਜਾਂਦਾ ਹੈ ਤਾਂ ਉਸ ਦੇ ਮੁਰਦਾ ਸਰੀਰ ਨੂੰ ਘਰੋਂ ਕੱਢਣ ਦੀ ਕਾਹਲ ਹੁੰਦੀ ਹੈ।

ਸਭ ਵਸਤਾਂ ਦਾ ਸਬੰਧ ਸਿਰਫ ਜੀਵਨ ਕਾਲ ਤੱਕ ਹੀ ਹੈ ਇਸ ਜੀਵਨ ਤੋਂ ਪਿੱਛੋਂ ਆਤਮਾ ਜੋ ਮਰਦੀ ਨਹੀਂ ਉਹ ਵੀ ਇਹਨਾਂ ਨਾਲ ਸੰਬੰਧ ਕਾਇਮ ਨਹੀਂ ਰੱਖ ਸਕਦੀ। ਗੁਰੂ ਜੀ ਦੀ ਸ਼ਹੀਦੀ ਵੀ ਇਹੋ ਦੱਸਦੀ ਹੈ ਕਿ ਉਹਨਾਂ ਦੀ ਤਬੀਅਤ ਦੁੱਖ ਤੇ ਸੁੱਖ ਵਿੱਚ ਇੱਕ ਰਸ ਰਹਿਣ ਵਾਲੀ ਸੀ। ਆਪ ਜੀ ਨੇ ਦੁਨੀਆਂ ਦੇ ਰਸਾਂ ਨੂੰ ਨਾਸ਼ ਮਾਣ ਦੱਸ ਕੇ ਸੰਸਾਰੀ ਜੀਵਾਂ ਨੂੰ ਪ੍ਰਭੂ ਭਗਤੀ ਵੱਲ ਪ੍ਰੇਰਿਆ ਹੈ। ਤਤਕਾਲੀਨ ਭਾਰਤ ਵਿੱਚ ਲੋਭ ਤੇ ਮੋਹ ਦੀ ਪਕੜ ਬੜੀ ਪੱਕੀ ਸੀ । ਗੁਰੂ ਜੀ ਵੱਲੋਂ ਉਸ ਸਮੇਂ ਨਾਸ਼ਮਾਨਤਾ ਦਾ ਬਿਆਨ ਕਰਨਾ ਜਰੂਰੀ ਸੀ। ਨਾਸ਼ਮਾਨਤਾ ਉੱਤੇ ਗੁਰੂ ਸਾਹਿਬ ਨੇ ਸਭ ਤੋਂ ਵੱਧ ਲਿਖਿਆ ਹੈ। ਉਹਨਾਂ  ਨੇ ਕਿਹਾ ਕਿਹਾ ਕਿ ਇਹ ਜਗ ਜੀਵਨ ਜਾਂ ਸਰੀਰ ਇੱਕ ਅਸਥਿਰ ਚੀਜ਼ ਹੈ। ਇੱਕ ਸੁਪਨਾ ਹੈ ।ਇਸ ਦਾ ਮਾਣ ਕਰਨਾ ਵਿਅਰਥ ਹੈ।

"ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।।

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।।"[2]

ਆਪ ਜੀ ਨੇ ਨਾਸ਼ਮਾਨਤਾ ਦੇ ਭੇਦ ਨੂੰ ਕਈ ਅਲੰਕਾਰਾਂ ਦੁਆਰਾ ਪੇਸ਼ ਕੀਤਾ ਹੈ। ਸੰਸਾਰ ਨੂੰ ਸੁਪਨੇ ਨਾਲ ਤੁਲਨਾ ਦੇ ਕੇ ਸੁਪਨੇ ਵਾਂਗੂ ਹੀ  ਹੀ ਨਾ ਸਦੀਵੀ ਰਹਿਣ ਵਾਲਾ ਦੱਸਿਆ ਹੈ। ਇਸ ਨੂੰ ਬੱਦਲ ਦੀ ਛਾਂ ਕਿਹਾ ਗਿਆ ਹੈ ।ਜੋ ਵਧੇਰਾ ਸਮਾਂ ਨਹੀਂ ਰਹਿ ਸਕਦੀ ਇਸ ਨੂੰ ਧੂਏ ਨਾਲ ਸਮਾਨਤਾ ਦਿੱਤੀ ਗਈ ਹੈ । ਜਿਸ ਤਰ੍ਹਾਂ ਧੂਏ ਦਾ ਪਹਾੜ ਅਸਲੀ ਨਹੀਂ ਹੁੰਦਾ ਉਸੇ ਤਰ੍ਹਾਂ ਹੀ ਇਹ ਜਗਤ ਇੱਕ ਭਰਮ ਹੈ।

ਆਪ ਜੀ ਫਰਮਾਉਂਦੇ ਹਨ ਕਿ ਇਨਸਾਨ ਸੰਸਾਰੀ ਪਦਾਰਥਾਂ ਦੇ ਸੁੱਖਾਂ ਨੂੰ ਸਦੀਵੀ ਸਮਝੀ ਬੈਠਾ ਹੈ। ਇਨਾ ਸੁੱਖਾਂ ਵਿੱਚ ਇਨਾ ਲੀਨ ਹੋ ਚੁੱਕਾ ਹੈ ਕਿ ਉਹ ਅਸਲੀਅਤ ਤੋਂ ਕਾਫੀ ਦੂਰ ਚਲਾ ਗਿਆ ਹੈ। ਇਨਾ ਪਦਾਰਥਾਂ ਦੇ ਸੁੱਖ ਨੂੰ ਗੁਰੂ ਨੇ ਰੇਤ ਦੀ ਲਿੰਬੀ ਪੋਚੀ ਕੰਧ ਕਿਹਾ ਹੈ। ਜਿਸ ਦੀ ਮਿਆਦ ਚਾਰ ਦਿਨ ਦੀ ਵੀ ਨਹੀਂ ਹੁੰਦੀ ਸੰਸਾਰ ਵਿੱਚ ਜੋ ਵੀ ਰਚਨਾ ਹੁੰਦੀ ਹੈ ।ਉਹ ਸਭ ਪ੍ਰਭੂ ਦੇ ਹੁਕਮ ਨਾਲ ਹੁੰਦੀ ਹੈ ਦੁਨੀਆਂ ਦੀਆਂ ਸਭ ਚੀਜ਼ਾਂ ਨੇ ਇੱਕ ਨਾ ਇੱਕ ਦਿਨ ਖਤਮ ਹੋ ਜਾਣਾ ਹੈ।

ਬਿਨਸ ਹੋ ਜਾਣਾ ਹੈ ਨਾਸ਼ ਹੋ ਜਾਣਾ ਹੈ ਇਸ ਲਈ ਇਹਨਾਂ ਪਦਾਰਥਾਂ ਨਾਲ ਰਿਸ਼ਤੇ ਨਾਤੇ ਗੰਢਣ ਦਾ ਕੋਈ ਲਾਭ ਨਹੀਂ। ਦੁਨਿਆਵੀ ਚੀਜ਼ਾਂ ਨਾਲ ਪਿਆਰ ਪਾਉਣ ਦਾ ਕੋਈ ਫਾਇਦਾ ਨਹੀਂ। ਲਿਵ ਉਸ ਨਾਲ ਜੋੜਨੀ ਚਾਹੀਦੀ ਹੈ ਜੋ ਅਬਿਨਾਸੀ ਹੋਵੇ ਉਸ ਪਰਮਾਤਮਾ ਤੋਂ ਬਿਨਾਂ ਬਾਕੀ ਸਭ ਚੀਜ਼ਾਂ ਨਾਸ਼ਵਾਨ ਹਨ

"ਰੇ ਨਰ ਇਹ ਸਾਚੀ ਜੀਅ ਧਾਰਿ॥


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ" ॥[3]

ਗੁਰੂ ਜੀ ਫਰਮਾਉਂਦੇ ਹਨ ਕਿ ਇਸ ਸੰਸਾਰ ਵਿੱਚ ਵੱਡੇ - ਵੱਡੇ ਰਾਜੇ ਮਹਾਰਾਜੇ ਤੇ ਬਲੀ ਵੀ ਨਹੀਂ ਟਿਕ ਸਕੇ । ਇੱਥੇ ਆਉਣ ਜਾਣ ਬਣਿਆ ਹੋਇਆ ਹੈ ਕੋਈ ਆਉਂਦਾ ਹੈ ਤੇ ਕੋਈ ਜਾਂਦਾ ਹੈ ਕੋਈ ਵੀ ਸਥਿਰ ਨਹੀਂ ਰਹਿੰਦਾ।

ਇਨਸਾਨ ਨੂੰ ਮੋਹ ਲੋਭ ਹੰਕਾਰ ਆਦਿ ਦਾ ਤਿਆਗ ਕਰਕੇ ਉਸ ਪਰਮਾਤਮਾ ਨਾਲ ਲਿਵ ਜੋੜਨੀ ਚਾਹੀਦੀ ਹੈ। ਕਿਉਂਕਿ ਉਸ ਪਰਮਾਤਮਾ ਦਾ ਸਿਮਰਨ ਹੀ ਹੈ ਜੋ ਮਨੁੱਖ ਦੇ ਨਾਲ ਹਮੇਸ਼ਾ ਰਹੇਗਾ। ਜੋ ਕਦੇ ਵੀ ਨਾਸ਼ ਨਹੀਂ ਹੁੰਦਾ।

"ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥

ਕਹੁ ਨਾਨਕ ਸੁਨਿ ਰੇ ਮਨਾ ਤਿਹ ਘਹਿ ਬ੍ਰਹਮ ਨਿਵਾਸ" ॥[4]

ਇਸ ਤਰ੍ਹਾਂ ਨਾਸ਼ਮਾਨਤਾ ਦਾ ਵਿਚਾਰ ਦੇ ਕੇ ਗੁਰੂ ਜੀ ਨੇ ਮਨੁੱਖ ਨੂੰ ਬਲਵਾਨ ਬਣਾਇਆ ਹੈ। ਰਹਿੰਦੇ ਆ ਹੋਇਆ ਭਗਤੀ ਕਰਨ ਲਈ ਉਪਦੇਸ਼ਿਆ ਹੈ ਉਸ ਨੂੰ ਉੱਚਾ ਚੁੱਕਿਆ ਹੈ। ਇਸ ਦੁਆਰਾ ਸੰਸਾਰ ਵਿੱਚ ਉਪਰਾਮ ਹੋਣ ਜਾਂ ਨੱਠਣ ਦੀ ਪ੍ਰੇਰਨਾ ਨਹੀਂ ਦਿੱਤੀ ਸਗੋਂ ਮਨੁੱਖ ਨੂੰ ਇਸ ਸੰਸਾਰ ਵਿੱਚ ਰਹਿੰਦਿਆਂ ਹੋਇਆ ਭਗਤੀ ਕਰਨ ਲਈ ਉਪਦੇਸ਼ਿਆ ਹੈ।

ਆਖਿਰ ਇਨਸਾਨ ਇਸ ਦੁਨੀਆ ਤੋਂ ਮੇਰੀ ਮੇਰੀ ਕਰਦਾ ਚਲਿਆ ਜਾਂਦਾ ਹੈ। ਉਸ ਦੇ ਜਾਣ ਵਿੱਚ ਪਲ ਨਹੀਂ ਲੱਗਦਾ ਜੋ ਵਸਤੂ ਹੁਣ ਮੇਰੀ ਹੈ, ਉਹ ਝੱਟ ਵਿੱਚ ਪਰਾਈ ਹੋ ਜਾਂਦੀ ਹੈ।

ਗੁਰੂ ਸਾਹਿਬ ਨੇ ਸਭ ਤੋਂ ਵੱਧ ਜਿਸ ਚੀਜ਼ ਦਾ ਤਿਆਗ ਦ੍ਰਿੜ ਕਰਵਾਇਆ ਹੈ ਉਹ ਵਿਸ਼ੇ ਵਿਕਾਰ ਹਨ ।ਗੁਰੂ ਸਾਹਿਬ ਕਹਿੰਦੇ ਹਨ ਕਿ ਵਿਸ਼ੇ ਵਿਕਾਰ ਬਿਖ ਸਮਾਨ ਹਨ। ਜਿਵੇਂ ਅਸੀਂ ਜ਼ਹਿਰ ਤੋਂ ਦੂਰ ਰਹਿੰਦੇ ਹਾਂ ਉਸੇ ਤਰ੍ਹਾਂ ਇਹਨਾਂ ਤੋਂ ਵੀ ਦੂਰ ਰਹਿਣ ਹਨ ਦੀ ਲੋੜ ਹੈ। ਇਹਨਾਂ ਤੋਂ ਛੁਟਕਾਰਾ ਪਾਉਣ ਵਾਲਾ ਆਦਮੀ ਚੰਗੇ ਭਾਗਾਂ ਦਾ ਮਾਲਕ ਹੋ ਸਕਦਾ ਹੈ।

ਮਨੁੱਖ ਨੂੰ ਦੁਨਿਆਵੀ ਵਸਤਾਂ ਵੱਲੋਂ ਆਪਣਾ ਝੁਕਾ ਘਟਾ ਕੇ ਉਸ ਪਰਮਾਤਮਾ ਦਾ ਸਿਮਰਨ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ। ਤਾਂ ਕਿ ਉਸ ਦੇ ਕਰਮਾਂ ਦਾ ਬੋਝ ਹਲਕਾ ਹੋ ਸਕੇ ਅਤੇ ਆਵਾਗਵਣ ਦੇ ਚੱਕਰਾਂ ਤੋਂ ਮੁਕਤੀ ਮਿਲ ਸਕੇ। ਮਨੁੱਖ ਨੂੰ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਹਮੇਸ਼ਾ ਦੂਜਿਆਂ ਦੀ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ। ਗੁਰੂ ਜੀ ਨੇ ਹਮੇਸ਼ਾ ਸੱਚਾਈ ਤੇ ਚੱਲਣ ਦੀ ਹੀ ਸਿੱਖਿਆ ਦਿੱਤੀ ਹੈ।

ਗੁਰੂ ਜੀ ਨੇ ਮਨੁੱਖ ਨੂੰ ਸੰਸਾਰਿਕ ਚੀਜ਼ਾਂ ਦਾ ਮੋਹ ਛੱਡਣ ਲਈ ਕਿਹਾ। ਉਹਨਾਂ ਨੇ ਮਨੁੱਖ ਨੂੰ ਸੰਸਾਰਿਕ ਲੋਭ ਮੋਹ ਹੰਕਾਰ ਆਦਿ ਦਾ ਤਿਆਗ ਕਰਕੇ ਉਸ ਪਰਮਾਤਮਾ ਦੇ ਨਾਲ ਲਿਵ ਜੋੜਨ ਲਈ ਕਿਹਾ ।ਉਸ ਪਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ। ਅਤੇ ਮਨੁੱਖਤਾ ਦੀ ਸੇਵਾ ਕਰਨ ਦੇ ਉਪਦੇਸ਼ ਉੱਤੇ ਬਲ ਦਿੱਤਾ ਹੈ ।ਅਤੇ ਉਸ ਇੱਕ ਪਰਮਾਤਮਾ ਵਿੱਚ ਵਿਸ਼ਵਾਸ ਰੱਖਣ ਦੀ ਪ੍ਰੇਰਨਾ ਦਿੱਤੀ ਹੈ।

ਗੁਰੂ ਜੀ ਨੇ ਸੰਸਾਰ ਦੀ ਹਰ ਵਸਤੂ ਇਥੋਂ ਤੱਕ ਕਿ ਮਨੁੱਖੀ ਸਰੀਰ ਦੀ ਨਾਸ਼ਮਾਨਤਾ ਬਾਰੇ ਵਿਚਾਰਧਾਰਾ ਰੱਖੀ ਹੈ ।ਗੁਰੂ ਜੀ ਨੇ ਮਨੁੱਖ ਨੂੰ ਹਮੇਸ਼ਾ ਸਾਦਾ ਜੀਵਨ ਜਿਉਣ ਲਈ ਪ੍ਰੇਰਿਆ ਹੈ। ਅਤੇ ਜ਼ੁਲਮ ਨਾ ਸਹਿਣ ਦਾ ਉਪਦੇਸ਼ ਦਿੱਤਾ ਹੈ। ਅਤੇ ਚੰਗੇ ਕਰਮ ਕਰਨ ਤੇ ਜ਼ੋਰ ਦਿੱਤਾ ਹੈ। ਗੁਰੂ ਜੀ ਨੇ ਧਾਰਮਿਕ ਜਾਤ ਪਾਤ ਫੋਕੇ ਰੀਤੀ ਰਿਵਾਜ ਪਖੰਡਾਂ ਤੇ ਅਧਾਰਿਤ ਕੀਤੇ ਜਾਂਦੇ ਵਿੱਤਕਰਿਆਂ ਵਿਰੁੱਧ ਹਮੇਸ਼ਾ ਆਵਾਜ਼ ਉਠਾਈ ਹੈ । ਅਤੇ ਮਨੁੱਖਤਾ ਦੀ ਸੇਵਾ ਕਰਨ ਦੇ ਉਪਦੇਸ਼ ਉੱਤੇ ਬਲ ਦਿੱਤਾ ਹੈ।

ਗੁਰੂ ਜੀ ਦਾ ਮਤ ਮਨੁੱਖ ਨੂੰ ਕਦੇ ਵੀ ਨਿਰਾਸ਼ਾਵਾਦੀ ਨਹੀਂ ਬਣਾਉਂਦੀ ਸਗੋਂ ਉਸਨੂੰ ਸਵੈਮਾਨ ਦੇ ਜੀਵਨ ਵਿੱਚ ਜਿਉਣਾ ਸਿਖਾਉਂਦੀ ਹੈ। ਕੰਮਜੋਰ ਮਨ ਨੂੰ ਹਲੂਣਾ ਦਿੰਦਾ ਹੈ। ਮੋਹ ਮਾਇਆ ਦੀ ਨੀਂਦ ਵਿੱਚ ਸੁੱਤੇ ਮਨੁੱਖੀ ਮਨਾਂ ਨੂੰ ਟੁੰਬ ਕੇ ਜਗਾਉਂਦਾ ਹੈ। ਮਾਨਵਤਾ ਨੂੰ ਉੱਚਤਮ ਅਧਿਆਤਮਿਕ ਜੀਵਨ ਜਿਉਣ ਲਈ ਅਥਾਹ ਬਲ ਪ੍ਰਦਾਨ ਕਰਦਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਕਹਿਣ ਅਨੁਸਾਰ ਮਨੁੱਖੀ ਸਰੀਰ ਨਾਸ਼ਵਾਨ ਹੈ। ਵਿਰਸਨਹਾਰ ਹੈ। ਮਨੁੱਖ ਇਸ ਧਰਤੀ ਤੇ ਪਰਮਾਤਮਾ ਦੀ ਅਨੁਸਾਰ ਆਉਂਦਾ ਹੈ ਅਤੇ ਆਪਣੀ ਉਮਰ ਨੂੰ ਭੋਗ ਕੇ ਇਥੋਂ ਚਲਾ ਜਾਂਦਾ ਹੈ। ਭਾਵ ਮਰ ਜਾਂਦਾ ਹੈ। ਇਸ ਲਈ ਮਨੁੱਖ ਨੂੰ ਸਮੇਂ ਰਹਿੰਦੇ ਉਸ ਪਰਮਾਤਮਾ ਦੇ ਨਾਲ ਲਿਵ ਜੋੜ ਕੇ ਉਸਦਾ ਨਾਮ ਜਪਣਾ ਚਾਹੀਦਾ ਹੈ ਉਸਦਾ ਸਿਮਰਨ ਕਰਨਾ ਚਾਹੀਦਾ ਹੈ ਤੇ ਆਪਣਾ ਜੀਵਨ ਸੰਵਾਰਨਾ ਚਾਹੀਦਾ ਹੈ।

**ਹਵਾਲੇ ਅਤੇ ਟਿੱਪਣੀਆਂ**

1. ਬਿਕਰਮ ਸਿੰਘ ਘੁੰਮਣ, "ਗੁਰੂ ਤੇਗ ਬਹਾਦਰ ਜੀ ਦਾ ਜੀਵਨ ਚਿੰਤਨ ਤੇ ਬਾਣੀ,"ਵਾਰਸ ਸ਼ਾਹ ਫਾਊਂਡੇਸ਼ਨ ,ਅੰਮ੍ਰਿਤਸਰ।
2. ਉਹੀ ਪੰਨਾ ਨੰ-59
3. ਉਹੀ ਪੰਨਾ ਨੰ-59
4. ਉਹੀ ਪੰਨਾ ਨੰ-61
5. ਤਾਰਨ ਸਿੰਘ", ਗੁਰੂ ਤੇਗ ਬਹਾਦਰ ਜੀਵਨ ਸੰਦੇਸ਼ ਤੇ ਸ਼ਹਾਦਤ ",ਪੰਜਾਬੀ ਯੂਨੀਵਰਸਿਟੀ, ਪਟਿਆਲਾ ।
6. ਡਾ. ਰਤਨ ਸਿੰਘ ਜੱਗੀ ,ਡਾ. ਗੁਰਸ਼ਰਨ ਕੌਰ ਜੱਗੀ, " ਗੁਰੂ ਤੇਗ ਬਹਾਦਰ ਬਾਣੀ ਵਿਸ਼ਲੇਸ਼ਣ", ਪਬਲਿਸ਼ ਗੁਰਮੱਤ ਪ੍ਰਕਾਸ਼ਨ, ਅਰਬਨ ਸਟੇਟ, ਪਟਿਆਲਾ।


© Copyright @ Authors